# ਟੀ.ਬੀ. (ਤਪਦਿਕ) ਦਾ ਸਰਗਰਮ ਰੋਗ
# ਗਾਹਕਾਂ ਲਈ ਸਵਾਲ ਅਤੇ ਜਵਾਬ

## Active TB Disease
## Questions and Answers for Clients

ਸਰਗਰਮ ਟੀ.ਬੀ. ਰੋਗ ਵਾਲੇ ਲੋਕਾਂ ਦੇ ਮਨਾਂ ਵਿੱਚ ਅਕਸਰ ਆਪਣੀ ਦੇਖਭਾਲ ਅਤੇ ਟ੍ਰੀਟਮੈਂਟ ਸੰਬੰਧੀ ਸਵਾਲ ਹੁੰਦੇ ਹਨ। ਕੀ ਉਮੀਦ ਰੱਖਣੀ ਹੈ ਇਹ ਸਮਝਣ ਵਿੱਚ ਮਦਦ ਲਈ ਪੇਸ਼ ਹਨ ਕੁਝ ਆਮ ਸਵਾਲ ਅਤੇ ਜਵਾਬ:

**ਪ੍ਰਸ਼ਨ: ਮੈਨੂੰ ਦੱਸਿਆ ਗਿਆ ਹੈ ਕਿ ਮੈਨੂੰ ਟੀ.ਬੀ. (ਤਪਦਿਕ) ਰੋਗ ਹੈ। ਹੁਣ ਮੈਂ ਕੀ ਉਮੀਦ ਰੱਖਾਂ?**
**Q: I've been told I have TB disease. What can I expect now?**

ਇੱਕ ਵਾਰੀ ਜਦੋਂ ਤੁਹਾਨੂੰ ਦੱਸ ਦਿੱਤਾ ਜਾਵੇ ਕਿ ਤੁਹਾਨੂੰ ਸਰਗਰਮ ਟੀ.ਬੀ. ਰੋਗ ਹੈ ਉਦੋਂ ਤੁਹਾਨੂੰ ਆਪਣੀ ਨਰਸ ਤੋਂ ਜਾਣਕਾਰੀ ਦੇ ਵੱਖ-ਵੱਖ ਪਰਚੇ ਮਿਲਣਗੇ। ਇਹ ਪਰਚੇ ਤੁਹਾਨੂੰ ਟੀ.ਬੀ. ਬਾਰੇ ਬਿਹਤਰ ਢੰਗ ਨਾਲ ਸਮਝਣ ਵਿੱਚ ਮਦਦ ਕਰਨਗੇ, ਤੁਹਾਨੂੰ ਦੱਸਣਗੇ ਕਿ ਤੁਸੀਂ ਕਿਹੜੀਆਂ ਦਵਾਈਆਂ ਲੈਣੀਆਂ ਹਨ ਅਤੇ ਤੁਸੀਂ ਦੂਜਿਆਂ ਨੂੰ ਤੁਹਾਡੇ ਤੋਂ ਟੀ.ਬੀ. ਹੋਣ ਤੋਂ ਕਿਵੇਂ ਰੋਕ ਸਕਦੇ ਹੋ।

ਤੁਹਾਨੂੰ ਨਰਸ ਸਲਾਹਕਾਰ ਅਤੇ/ਜਾਂ ਪਬਲਿਕ ਹੈਲਥ ਨਰਸ ਤੋਂ ਫ਼ੋਨ ਆਵੇਗਾ। ਇਹ ਨਰਸਾਂ ਟੀ.ਬੀ. ਕਲੀਨਿਕ ਵਿੱਚ ਕੰਮ ਨਹੀਂ ਕਰਦੀਆਂ ਪਰ ਸਿਹਤ ਸੰਭਾਲ ਪ੍ਰਦਾਤਾਵਾਂ ਦੀ ਸਿਹਤ ਸੰਭਾਲ ਟੀਮ ਦਾ ਹਿੱਸਾ ਹਨ ਜੋ ਤੁਹਾਡਾ ਅਤੇ ਤੁਹਾਡੇ ਨੇੜਲੇ ਉਨ੍ਹਾਂ ਲੋਕਾਂ ਦਾ ਖ਼ਿਆਲ ਰੱਖਦੀ ਹੈ ਜਿਨ੍ਹਾਂ ਦਾ ਟੀ.ਬੀ. ਲਈ ਟੈਸਟ ਕੀਤੇ ਜਾਣ ਦੀ ਜ਼ਰੂਰਤ ਹੈ। ਉਹ ਤੁਹਾਨੂੰ ਤੁਹਾਡੀਆਂ ਗਤੀਵਿਧੀਆਂ ਬਾਰੇ, ਤੁਸੀਂ ਜਿਹੜੇ ਲੋਕਾਂ ਨਾਲ ਸਮਾਂ ਬਿਤਾਇਆ ਹੈ ਉਨ੍ਹਾਂ ਬਾਰੇ ਅਤੇ ਜਿਹੜੀਆਂ ਥਾਵਾਂ 'ਤੇ ਗਏ ਹੋ ਉਨ੍ਹਾਂ ਬਾਰੇ ਪੁੱਛਣਗੇ। ਇਸ ਨਾਲ ਨਰਸਾਂ ਨੂੰ ਇਹ ਜਾਣਨ ਵਿੱਚ ਮਦਦ ਮਿਲਦੀ ਹੈ ਕਿ ਟੀ.ਬੀ. ਦੇ ਟੈਸਟ ਦੀ ਪੇਸ਼ਕਸ਼ ਕਿਸ ਨੂੰ ਕਰਨੀ ਹੈ। ਇਹ ਨਰਸਾਂ ਤੁਹਾਡੀ ਪਛਾਣ ਜਾਂ ਤੁਹਾਡੀ ਜਾਣਕਾਰੀ ਦੂਜਿਆਂ ਨਾਲ ਸਾਂਝੀ ਨਹੀਂ ਕਰਨਗੀਆਂ।

**ਪ੍ਰਸ਼ਨ: ਸਰਗਰਮ ਟੀ.ਬੀ. ਰੋਗ ਦਾ ਕੀ ਟ੍ਰੀਟਮੈਂਟ ਹੁੰਦਾ ਹੈ?**
**Q: What is the treatment for active TB disease?**

ਆਮ ਤੌਰ 'ਤੇ ਟ੍ਰੀਟਮੈਂਟ 6 ਤੋਂ 9 ਮਹੀਨੇ ਤਕ ਚਲਦਾ ਹੈ ਪਰ ਕੁਝ ਮਾਮਲਿਆਂ ਵਿੱਚ ਇਹ ਲੰਮਾ ਵੀ ਚਲ ਸਕਦਾ ਹੈ। ਟੀ.ਬੀ. ਰੋਗ ਦੇ ਇਲਾਜ ਲਈ ਵੱਖ-ਵੱਖ ਦਵਾਈਆਂ (ਗੋਲ਼ੀਆਂ) ਇਸਤੇਮਾਲ ਕੀਤੀਆਂ ਜਾਂਦੀਆਂ ਹਨ ਪਰ ਆਇਸੋਨਾਇਆਜ਼ਿਡ, ਰਾਇਫ਼ੈਮਪਿਨ, ਪਾਇਰਾਜ਼ਿਨਾਮਾਈਡ ਅਤੇ ਇਥੈਂਬਿਊਟੋਲ ਆਮ ਵਰਤੀਆਂ ਜਾਣ ਵਾਲੀਆਂ ਦਵਾਈਆਂ ਹਨ। ਟੀ.ਬੀ. ਦੇ ਰੋਗਾਣੂ ਦਾ ਚੰਗੀ ਤਰ੍ਹਾਂ ਮੁਕਾਬਲਾ ਕਰਨ ਲਈ ਵੱਖ-ਵੱਖ ਸਮੇਂ ਅਨੇਕਾਂ ਗੋਲ਼ੀਆਂ ਦੀ ਲੋੜ ਪੈਂਦੀ ਹੈ। ਤੁਹਾਡੀ ਨਰਸ ਅਤੇ ਡਾਕਟਰ ਵੱਲੋਂ ਇਹ ਜਾਂਚ ਕੀਤੀ ਜਾਵੇਗੀ ਕਿ ਸਭ ਕੁਝ ਕਿਵੇਂ ਚਲ ਰਿਹਾ ਹੈ ਅਤੇ ਉਹ ਲੋੜ ਮੁਤਾਬਕ ਤਬਦੀਲੀਆਂ ਕਰਨਗੇ।

**ਪ੍ਰਸ਼ਨ: ਮੈਨੂੰ ਇੰਨਾ ਲੰਮਾ ਸਮਾਂ ਟੀ.ਬੀ. ਦੀਆਂ ਦਵਾਈਆਂ ਲੈਣ ਦੀ ਲੋੜ ਕਿਉਂ ਪੈਂਦੀ ਹੈ?**
**Q: Why do I need to take TB medications for so long?**

ਟੀ.ਬੀ. ਦੇ ਰੋਗਾਣੂ ਬਹੁਤ ਮਜ਼ਬੂਤ ਹੁੰਦੇ ਹਨ ਅਤੇ ਟੀ.ਬੀ. ਦੇ ਰੋਗਾਣੂ ਨੂੰ ਨਸ਼ਟ ਕਰਨ ਲਈ ਘੱਟੋ-ਘੱਟ 6 ਮਹੀਨੇ ਦਵਾਈ ਲੈਣ ਦੀ ਲੋੜ ਪੈਂਦੀ ਹੈ। ਜਦੋਂ ਤੁਸੀਂ ਬਿਹਤਰ ਮਹਿਸੂਸ ਕਰਨਾ ਸ਼ੁਰੂ ਕਰ ਵੀ ਦਿਓ ਫ਼ਿਰ ਵੀ ਆਪਣੇ ਡਾਕਟਰ ਅਤੇ ਨਰਸ ਵੱਲੋਂ ਦੱਸੇ ਮੁਤਾਬਕ ਦਵਾਈ ਲੈਣੀ ਜਾਰੀ ਰੱਖਣਾ ਮਹੱਤਵਪੂਰਣ ਹੁੰਦਾ ਹੈ। ਜੇ ਤੁਸੀਂ ਆਪਣੇ ਡਾਕਟਰ ਜਾਂ ਨਰਸ ਦੇ ਦੱਸੇ ਮੁਤਾਬਕ ਦਵਾਈ ਲੈਣੀ ਬੰਦ ਕਰ ਦਿਓ ਤਾਂ ਉਨ੍ਹਾਂ ਨੂੰ ਇਸ ਬਾਰੇ ਸੂਚਿਤ ਕਰਨਾ ਮਹੱਤਵਪੂਰਣ ਹੁੰਦਾ ਹੈ।

**ਪ੍ਰਸ਼ਨ: ਮੈਨੂੰ ਕਿੰਨੀ-ਕਿੰਨੀ ਦੇਰ ਬਾਅਦ ਕਲੀਨਿਕ ਜਾਣ ਦੀ ਲੋੜ ਪਵੇਗੀ?**
**Q: How often do I need to come to the clinic?**

ਬੀ.ਸੀ.ਸੀ.ਡੀ.ਸੀ. ਟੀ.ਬੀ. ਕਲੀਨਿਕ ਵਿਖੇ ਤੁਹਾਡੀਆਂ ਬਾਕਾਇਦਾ ਅਪੌਇੰਟਮੈਂਟਾਂ ਹੋਣਗੀਆਂ। ਟ੍ਰੀਟਮੈਂਟ ਦੇ ਪਹਿਲੇ ਹਫ਼ਤੇ ਦੌਰਾਨ ਤੁਹਾਨੂੰ ਥੋੜ੍ਹੇ-ਥੋੜ੍ਹੇ ਵਕਫ਼ੇ ’ਤੇ ਸੱਦਿਆ ਜਾਵੇਗਾ। ਉਸ ਤੋਂ ਬਾਅਦ ਜ਼ਿਆਦਾਤਰ ਲੋਕਾਂ ਨੂੰ ਕਲੀਨਿਕ ਵਿਖੇ ਮਹੀਨੇ ਵਿੱਚ ਇੱਕ ਵਾਰੀ ਬੁਲਾਇਆ ਜਾਂਦਾ ਹੈ।

**ਪ੍ਰਸ਼ਨ: ਕਲੀਨਿਕ ਦੀਆਂ ਇਨ੍ਹਾਂ ਫ਼ੇਰੀਆਂ ਦੌਰਾਨ ਮੇਰੀ ਮੁਲਾਕਾਤ ਕਿਸ ਨਾਲ ਹੋਵੇਗੀ?**
**Q: Who will I see during these clinic visits?**

ਨਰਸਾਂ, ਡਾਕਟਰਾਂ ਅਤੇ ਕਦੇ-ਕਦੇ ਫ਼ਾਰਮਾਸਿਸਟਾਂ ਸਮੇਤ ਤੁਹਾਡੀ ਮਦਦ ਲਈ ਸਾਡੇ ਕੋਲ ਸ਼ਾਨਦਾਰ ਲੋਕਾਂ ਦੀ ਟੀਮ ਹੈ। ਛੇਤੀ ਤੋਂ ਛੇਤੀ ਅਤੇ ਸਭ ਤੋਂ ਸੁਰੱਖਿਅਤ ਢੰਗ ਨਾਲ ਬਿਹਤਰ ਹੋਣ ਅਤੇ ਆਪਣੀ ਸਿਹਤ ਨੂੰ ਬਰਕਰਾਰ ਰੱਖਣ ਵਿੱਚ ਤੁਹਾਡੀ ਮਦਦ ਕਰਨਾ ਸਾਡਾ ਟੀਚਾ ਹੈ।

**ਪ੍ਰਸ਼ਨ: ਕਲੀਨਿਕ ਦੀਆਂ ਇਨ੍ਹਾਂ ਫ਼ੇਰੀਆਂ ਦੌਰਾਨ ਕੀ ਹੁੰਦਾ ਹੈ?**
**Q: What happens during these clinic visits?**

ਅਸੀਂ ਤੁਹਾਡਾ ਹਾਲ-ਚਾਲ ਪੁਛਾਂਗੇ, ਤੁਹਾਡਾ ਭਾਰ ਦੇਖਾਂਗੇ, ਤੁਹਾਡੀਆਂ ਅੱਖਾਂ ਦੀ ਜਾਂਚ ਕਰਾਂਗੇ ਅਤੇ ਤੁਹਾਡੇ ਵੱਲੋਂ ਸ਼ੁਰੂ ਕੀਤੀਆਂ ਗਈਆਂ ਨਵੀਆਂ ਦਵਾਈਆਂ ਬਾਰੇ ਪੁੱਛਾਂਗੇ, ਤੁਹਾਨੂੰ ਦਵਾਈਆਂ ਦੇ ਮਾੜੇ ਪ੍ਰਭਾਵਾਂ ਬਾਰੇ ਪੁੱਛਾਂਗੇ, ਤੁਹਾਡੀਆਂ ਟੀ.ਬੀ. ਦੀਆਂ ਦਵਾਈਆਂ ਦੀ ਸਮੀਖਿਆ ਕਰਾਂਗੇ ਅਤੇ ਇਹ ਪੱਕਾ ਕਰਾਂਗੇ ਕਿ ਤੁਸੀਂ ਠੀਕ-ਠਾਕ ਹੋ। ਤੁਹਾਨੂੰ ਕੁਝ ਹੋਰ ਟੈਸਟ ਕਰਵਾਉਣ ਲਈ ਵੀ ਕਿਹਾ ਜਾਵੇਗਾ ਜਿਵੇਂ ਕਿ ਬਲੱਡ ਟੈਸਟ, ਛਾਤੀ ਦੇ ਐਕਸ-ਰੇਅ ਅਤੇ ਬਲਗ਼ਮ ਦੇ ਸੈਂਪਲਾਂ ਦੀ ਜਾਂਚ। ਇਹ ਮਹੱਤਵਪੂਰਣ ਹੈ ਕਿਉਂਕਿ ਇਸ ਨਾਲ ਸਾਨੂੰ ਇਹ ਜਾਣਕਾਰੀ ਮਿਲਦੀ ਹੈ ਕਿ ਟ੍ਰੀਟਮੈਂਟ ਕਿੰਨੀ ਚੰਗੀ ਤਰ੍ਹਾਂ ਕੰਮ ਕਰ ਰਿਹਾ ਹੈ।

ਕਲੀਨਿਕ ਦੀਆਂ ਇਹ ਫ਼ੇਰੀਆਂ ਤੁਹਾਡੇ ਵਾਸਤੇ ਆਪਣੇ ਸਵਾਲ ਪੁੱਛਣ ਦਾ ਇੱਕ ਵਧੀਆ ਸਮਾਂ ਹੁੰਦਾ ਹੈ! ਤੁਸੀਂ ਆਪਣੇ ਸਵਾਲਾਂ ਦੀ ਪੈੜ ਰੱਖਣ ਵਿੱਚ ਮਦਦ ਲਈ ਤੁਸੀਂ ਹੇਠਲੀਆਂ ਲਾਈਨਾਂ ਇਸਤੇਮਾਲ ਕਰ ਸਕਦੇ ਹੋ:

**ਪ੍ਰਸ਼ਨ: ਕਲੀਨਿਕ ਦੀਆਂ ਇਹ ਫ਼ੇਰੀਆਂ ਕਿੰਨੇ ਸਮੇਂ ਦੀਆਂ ਹੁੰਦੀਆਂ ਹਨ?**
**Q: How long are these clinic visits?**

ਕਲੀਨਿਕ ਦੀ ਪਹਿਲੀ ਫ਼ੇਰੀ ਲਈ ਲਗਭਗ 2 ਘੰਟੇ ਤਕ ਲੱਗ ਸਕਦੇ ਹਨ। ਬਾਕੀ ਦੀਆਂ ਫ਼ੇਰੀਆਂ ਲਈ ਘੱਟ ਸਮਾਂ ਲਗਦਾ ਹੈ ਅਤੇ ਜੇ ਸਭ ਕੁਝ ਠੀਕ-ਠਾਕ ਹੋਵੇ ਤਾਂ ਇਨ੍ਹਾਂ ਲਈ 30 ਮਿੰਟ ਲਗਦੇ ਹਨ।

**ਪ੍ਰਸ਼ਨ: ਮੇਰਾ ਟ੍ਰੀਟਮੈਂਟ ਕਦੋਂ ਖ਼ਤਮ ਹੋਵੇਗਾ ਤਾਂ ਕਿ ਮੈਨੂੰ ਕਲੀਨਿਕ ਆਉਣ ਦੀ ਲੋੜ ਨਾ ਪਵੇ?**
**Q: When is my treatment completed so that I no longer have to come to the clinic?**

ਤੁਹਾਡਾ ਡਾਕਟਰ ਤੁਹਾਨੂੰ ਦੱਸੇਗਾ ਕਿ ਤੁਹਾਡਾ ਟ੍ਰੀਟਮੈਂਟ ਕਦੋਂ ਖ਼ਤਮ ਹੋਵੇਗਾ। ਡਾਕਟਰ ਵੱਲੋਂ ਅਨੇਕਾਂ ਚੀਜ਼ਾਂ ਵੱਲ ਧਿਆਨ ਦਿੱਤਾ ਜਾਂਦਾ ਹੈ ਜਿਵੇਂ ਕਿ ਤੁਹਾਡੀ ਬਲ਼ਗ਼ਮ ਦੇ ਟੈਸਟ ਵਿੱਚ ਟੀ.ਬੀ. ਦੇ ਰੋਗਾਣੂ ਦਾ ਵਿਕਾਸ ਕਦੋਂ ਰੁਕਦਾ ਹੈ, ਤੁਹਾਡੇ ਭਾਰ ਵਿੱਚ ਆਈਆਂ ਤਬਦੀਲੀਆਂ, ਤੁਸੀਂ ਆਪਣੀਆਂ ਦਵਾਈਆਂ ਕਿਵੇਂ ਲਈਆਂ ਸਨ, ਤੁਸੀਂ ਕਿੰਨੀਆਂ ਅਤੇ ਕਿਸ ਕਿਸਮ ਦੀਆਂ ਦਵਾਈਆਂ ਲਈਆਂ ਸਨ, ਤੁਹਾਡੇ ਐਕਸ-ਰੇਅ ਵਿੱਚ ਆਏ ਸੁਧਾਰ ਅਤੇ ਤੁਹਾਡੀ ਸਮੁੱਚੀ ਤਬੀਅਤ। ਇਹ ਫ਼ੇਰੀਆਂ ਆਮ ਤੌਰ ’ਤੇ ਬਹੁਤ ਘੱਟ ਸਮੇਂ ਦੀਆਂ ਹੁੰਦੀਆਂ ਹਨ ਅਤੇ ਇਨ੍ਹਾਂ ਵਿੱਚ ਅਕਸਰ ਛਾਤੀ ਦਾ ਐਕਸ-ਰੇਅ ਅਤੇ ਡਾਕਟਰ ਵੱਲੋਂ ਸਿਹਤ ਦੀ ਜਾਂਚ ਸ਼ਾਮਲ ਹੁੰਦੀ ਹੈ।